# ਮੈਥੋਟ੍ਰੈਕਸੇਟ

## ਇਸ ਕਿਤਾਬਚੇ ਦੇ ਟੀਚੇ ਕੀ ਹਨ?

ਇਸ ਕਿਤਾਬਚੇ ਨੂੰ ਤੁਹਾਨੂੰ ਮੈਥੋਟ੍ਰੈਕਸੇਟ (Methotrexate) ਬਾਰੇ ਵਧੇਰੇ ਸਮਝ ਹਾਸਲ ਕਰਨ ਵਿੱਚ ਮਦਦ ਕਰਨ ਲਈ ਲਿਖਿਆ ਗਿਆ ਹੈ। ਇਹ ਤੁਹਾਨੂੰ ਦੱਸਦਾ ਹੈ ਕਿ ਇਹ ਕੀ ਹੈ, ਇਹ ਕਿਸ ਤਰ੍ਹਾਂ ਕਾਰਜ ਕਰਦੀ ਹੈ, ਚਮੜੀ ਦੀਆਂ ਬਿਮਾਰੀਆਂ ਦਾ ਇਲਾਜ ਕਰਨ ਵਾਸਤੇ ਇਸਨੂੰ ਕਿਸ ਤਰ੍ਹਾਂ ਵਰਤਿਆ ਜਾਂਦਾ ਹੈ, ਅਤੇ ਇਸ ਬਾਰੇ ਤੁਸੀਂ ਵਧੇਰੇ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦੇ ਹੋ।

## ਮੈਥੋਟ੍ਰੈਕਸੇਟ ਕੀ ਹੈ ਅਤੇ ਇਹ ਕਿਸ ਤਰ੍ਹਾਂ ਕੰਮ ਕਰਦੀ ਹੈ?

ਮੈਥੋਟ੍ਰੈਕਸੇਟ ਇੱਕ ਦਵਾਈ ਹੈ ਜੋ ਸਰੀਰ ਦੀ ਪ੍ਰਤੀਰੋਧੀ ਪ੍ਰਣਾਲੀ ਦੁਆਰਾ ਨਵੇਂ ਸੈੱਲਾਂ ਦੇ ਉਤਪਾਦਨ ਨੂੰ ਧੀਮਾ ਕਰਨ ਦੁਆਰਾ ਕਾਰਜ ਕਰਦੀ ਹੈ। ਪਹਿਲਾਂ ਪਹਿਲ ਇਸਨੂੰ ਉਚੇਰੀਆਂ ਖੁਰਾਕਾਂ ਵਿੱਚ, ਕੈਂਸਰ ਦਾ ਇਲਾਜ ਕਰਨ ਵਾਸਤੇ ਵਰਤਿਆ ਗਿਆ ਸੀ, ਪਰ ਇਸਨੂੰ ਕੈਂਸਰ ਦਾ ਇਲਾਜ ਕਰਨ ਲਈ ਵਰਤੀਆਂ ਖੁਰਾਕਾਂ ਦੇ ਮੁਕਾਬਲੇ ਬਹੁਤ ਘੱਟ ਖੁਰਾਕਾਂ 'ਤੇ ਚਮੜੀ ਅਤੇ ਜੋੜਾਂ ਦੀਆਂ ਬਿਮਾਰੀਆਂ ਵਾਸਤੇ ਅਸਰਦਾਰ ਇਲਾਜ ਪਾਇਆ ਗਿਆ ਸੀ। ਮੈਥੋਟ੍ਰੈਕਸੇਟ ਜਲੂਣ ਨੂੰ ਘੱਟ ਕਰ ਸਕਦੀ ਹੈ ਅਤੇ ਇਸ ਤਰ੍ਹਾਂ ਚਿਰਕਾਲੀਨ ਬਿਮਾਰੀਆਂ ਦਾ ਇਲਾਜ ਕਰਨ ਵਿੱਚ ਮਦਦ ਕਰ ਸਕਦੀ ਹੈ। ਇਸਦੇ ਹੋਰ ਕਾਰਜਾਂ ਵਿੱਚੋਂ ਇੱਕ ਹੈ ਪ੍ਰਤੀਰੋਧੀ ਪ੍ਰਣਾਲੀ (ਸਰੀਰ ਦੀ ਆਪਣੀ ਰੱਖਿਆ ਪ੍ਰਣਾਲੀ) ਦੀ ਸਰਗਰਮੀ ਨੂੰ ਘੱਟ ਕਰਨਾ, ਇਸ ਕਰਕੇ ਇਸਨੂੰ ਹਮੇਸ਼ਾ ਹੀ ਧਿਆਨ ਨਾਲ ਵਰਤਿਆ ਜਾਂਦਾ ਹੈ।

4 Fitzroy Square, London W1T 5HQ
Tel: 020 7383 0266 Fax: 020 7388 5263 e-mail: admin@bad.org.uk
Registered Charity No. 258474

**ਚਮੜੀ ਦੀਆਂ ਕਿਹੜੀਆਂ ਬਿਮਾਰੀਆਂ ਦਾ ਇਲਾਜ ਮੈਥੋਟ੍ਰੈਕਸੇਟ ਨਾਲ ਕੀਤਾ ਜਾਂਦਾ ਹੈ?**

ਮੈਥੋਟ੍ਰੈਕਸੇਟ ਦੀ ਵਰਤੋਂ ਚੰਬਲ, ਚੰਬਲ ਦੇ ਗਠੀਏ ਅਤੇ ਚਮੜੀ ਦੀਆਂ ਸਮੱਸਿਆਵਾਂ ਦੀਆਂ ਕਈ ਹੋਰ ਕਿਸਮਾਂ ਦਾ ਇਲਾਜ ਕਰਨ ਵਾਸਤੇ ਕੀਤੀ ਜਾਂਦੀ ਹੈ ਜਿੰਨ੍ਹਾਂ ਵਿੱਚ ਸ਼ਾਮਲ ਹਨ: ਪੇਮਫੀਗੋਇਡ, ਪੇਮਫੀਗਸ, ਸਾਰਕੋਇਡੋਸਿਸ, ਸਕਲੈਰੋਡਰਮਾ, ਡਰਮਾਟੋਮਾਇਓਸਾਈਟਸ ਅਤੇ ਖਾਜ (eczema)।

**ਇਸਤੋਂ ਪਹਿਲਾਂ ਕਿ ਇਸਦਾ ਅਸਰ ਸ਼ੁਰੂ ਹੋਵੇ, ਮੈਨੂੰ ਕਿੰਨੇ ਸਮੇਂ ਤੱਕ ਮੈਥੋਟ੍ਰੈਕਸੇਟ ਲੈਣ ਦੀ ਲੋੜ ਪਵੇਗੀ?**

ਮੈਥੋਟ੍ਰੈਕਸੇਟ ਤੁਰੰਤ ਕੰਮ ਨਹੀਂ ਕਰਦੀ। ਇਸਤੋਂ ਪਹਿਲਾਂ ਕਿ ਤੁਹਾਨੂੰ ਕੋਈ ਫਾਇਦਾ ਨਜ਼ਰ ਆਵੇ, ਇਸਨੂੰ 3 – 12 ਹਫਤਿਆਂ ਤੱਕ ਦਾ ਸਮਾਂ ਲੱਗ ਸਕਦਾ ਹੈ।

**ਮੈਨੂੰ ਮੈਥੋਟ੍ਰੈਕਸੇਟ ਕਦੋਂ ਲੈਣੀ ਚਾਹੀਦੀ ਹੈ?**

ਮੈਥੋਟ੍ਰੈਕਸੇਟ ਨੂੰ ਅਕਸਰ ਗੋਲ਼ੀ ਦੇ ਰੂਪ ਵਿੱਚ **ਹਫਤੇ ਵਿੱਚ ਇੱਕ ਵਾਰੀ**, ਹਰ ਹਫ਼ਤੇ ਇੱਕੋ ਦਿਨ ਲਿਆ ਜਾਂਦਾ ਹੈ। **ਇਸਨੂੰ ਕਦੇ ਵੀ ਰੋਜ਼ਾਨਾ ਨਹੀਂ ਲੈਣਾ ਚਾਹੀਦਾ।** ਗੋਲ਼ੀਆਂ ਨੂੰ ਭੋਜਨ ਨਾਲ ਲਿਆ ਜਾਂਦਾ ਹੈ ਅਤੇ ਇਹਨਾਂ ਨੂੰ ਸਾਬਤ ਨਿਗਲਣਾ ਚਾਹੀਦਾ ਹੈ ਅਤੇ ਪੀਸਣਾ ਜਾਂ ਚੱਬਣਾ ਨਹੀਂ ਚਾਹੀਦਾ। ਮੈਥੋਟ੍ਰੈਕਸੇਟ ਨੂੰ ਹਫਤੇ ਵਿੱਚ ਇੱਕ ਵਾਰੀ ਟੀਕੇ ਰਾਹੀਂ ਵੀ ਦਿੱਤਾ ਜਾ ਸਕਦਾ ਹੈ – ਜਾਂ ਤਾਂ ਚਮੜੀ ਦੇ ਹੇਠਾਂ (ਚਮੜੀ ਦੇ ਹੇਠਾਂ ਇੱਕ ਟੀਕਾ, ਜਿਵੇਂ ਕਿ ਡਾਇਆਬਿਟੀਜ਼ ਵਾਸਤੇ ਇਨਸੁਲਿਨ ਦੇ ਟੀਕੇ) ਜਾਂ ਫਿਰ ਮਾਸਪੇਸ਼ੀਆਂ ਵਿਚਕਾਰ (ਚਿੱਤੜਾਂ ਜਾਂ ਪੱਟ ਵਿੱਚ)।

2.5 ਮਿ.ਗ੍ਰਾਮ. ਵਾਲੀਆਂ ਗੋਲੀਆਂ ਉਹ ਗੋਲੀਆਂ ਹਨ ਜਿੰਨ੍ਹਾਂ ਦੀ ਸਿਫਾਰਸ਼ ਵਰਤੋਂ ਕਰਨ ਲਈ ਅਕਸਰ ਕੀਤੀ ਜਾਂਦੀ ਹੈ, ਕਿਉਂਕਿ ਇਹ ਖੁਰਾਕ ਵਿੱਚ ਲਚਕਦਾਰਤਾ ਨੂੰ ਯੋਗ ਬਣਾਉਂਦੀ ਹੈ। ਇਹਨਾਂ ਨੂੰ 10 ਮਿ.ਗ੍ਰਾ. ਵਾਲੀਆਂ ਗੋਲ਼ੀਆਂ ਨਾਲ ਰਲਗੱਡ ਨਹੀਂ ਕਰਨਾ ਚਾਹੀਦਾ ਜੋ ਇਹਨਾਂ ਵਰਗੀਆਂ ਹੀ ਨਜ਼ਰ ਆ ਸਕਦੀਆਂ ਹਨ। ਇਹ ਯਕੀਨੀ ਬਣਾਉਣ ਲਈ ਧਿਆਨ ਰੱਖਣਾ ਚਾਹੀਦਾ ਹੈ ਕਿ ਸਹੀ ਸ਼ਕਤੀ ਦੀ ਤਜਵੀਜ਼ ਕੀਤੀ ਗਈ ਹੈ ਅਤੇ ਦਿੱਤੀ ਗਈ ਹੈ। ਮੈਥੋਟ੍ਰੈਕਸੇਟ ਨੂੰ ਲੈਣ ਤੋਂ **ਪਹਿਲਾਂ** ਤੁਹਾਨੂੰ **ਹਮੇਸ਼ਾ** ਖੁਰਾਕ ਅਤੇ ਸ਼ਕਤੀ ਦੀ ਜਾਂਚ ਲਾਜ਼ਮੀ ਤੌਰ 'ਤੇ ਕਰਨੀ ਚਾਹੀਦੀ ਹੈ।

ਜੇ ਤੁਸੀਂ ਆਪਣੇ ਸਾਧਾਰਨ ਦਿਨ ਮੈਥੋਟ੍ਰੈਕਸੇਟ ਨੂੰ ਲੈਣ ਤੋਂ ਖੁੰਝ ਜਾਂਦੇ ਹੋ ਤਾਂ ਤੁਸੀਂ ਇਸਨੂੰ ਅਗਲੇ ਦਿਨ ਜਾਂ ਦੋ ਦਿਨ ਬਾਅਦ ਲੈ ਸਕਦੇ ਹੋ; ਪਰ ਜੇ ਤੁਸੀਂ ਤਿੰਨ ਦਿਨਾਂ ਤੋਂ ਵਧੇਰੇ ਲੇਟ ਹੋ ਤਾਂ ਉਸ ਹਫਤੇ ਇਸਨੂੰ ਲੈਣ ਤੋਂ

ਬਚੋ। ਦੋਨਾਂ ਹੀ ਮਾਮਲਿਆਂ ਵਿੱਚ, ਆਪਣੀ ਅਗਲੀ ਖੁਰਾਕ ਨੂੰ ਅਗਲੇ ਹਫਤੇ ਆਪਣੇ ਸਾਧਾਰਨ ਦਿਨ ਨੂੰ ਲਓ।

## ਮੈਨੂੰ ਕਿਹੜੀ ਖੁਰਾਕ ਲੈਣੀ ਚਾਹੀਦੀ ਹੈ?

ਤੁਹਾਡਾ ਡਾਕਟਰ ਤੁਹਾਨੂੰ ਖੁਰਾਕ ਬਾਰੇ ਸਲਾਹ ਦੇਵੇਗਾ ਅਤੇ ਬਕਾਇਦਾ ਇਲਾਜ ਸ਼ੁਰੂ ਕਰਨ ਤੋਂ 1 ਹਫਤਾ ਪਹਿਲਾਂ ਉਸਨੂੰ ਤੁਹਾਨੂੰ ਇੱਕ ਟੈਸਟ ਖੁਰਾਕ (ਆਮ ਤੌਰ 'ਤੇ 2.5 ਤੋਂ 5 ਮਿ.ਗ੍ਰਾਮ.) ਦੇਣੀ ਚਾਹੀਦੀ ਹੈ। ਤੀਬਰ ਚੰਬਲ ਵਾਸਤੇ, ਆਮ ਖੁਰਾਕ ਮੂੰਹ ਰਾਹੀਂ, ਹਫਤੇ ਵਿੱਚ ਇੱਕ ਵਾਰ 10 – 25 ਮਿ.ਗ੍ਰਾਮ. (ਕਦੇ ਕਦਾਈਂ 30 ਮਿ.ਗ੍ਰਾਮ. ਤੱਕ) ਹੁੰਦੀ ਹੈ। ਇਲਾਜ ਪ੍ਰਤੀ ਤੁਹਾਡੇ ਹੁੰਗਾਰੇ ਅਤੇ ਅਣਚਾਹੇ ਅਸਰਾਂ ਅਨੁਸਾਰ ਇਸ ਵਿੱਚ ਵਾਧ ਘਾਟ ਕਰਨੀ ਚਾਹੀਦੀ ਹੈ। ਕੁਝ ਕੁ ਮਰੀਜ਼ਾਂ ਨੂੰ ਮੈਥੋਟ੍ਰੈਕਸੇਟ ਟੀਕੇ ਦੁਆਰਾ ਦਿੱਤੀ ਜਾਂਦੀ ਹੈ।

## ਮੈਥੋਟ੍ਰੈਕਸੇਟ ਦੇ ਸੰਭਾਵਿਤ ਅਣਚਾਹੇ ਅਸਰ ਕੀ ਹਨ?

ਕੁਝ ਕੁ ਮਰੀਜ਼ਾਂ ਵਿੱਚ ਮੈਥੋਟ੍ਰੈਕਸੇਟ ਜੀਅ ਮਤਲਾਉਣ, ਦਸਤ ਜਾਂ ਮੂੰਹ ਵਿੱਚ ਫੋੜਿਆਂ ਦਾ ਕਾਰਨ ਬਣ ਸਕਦੀ ਹੈ। ਚੰਬਲ ਦਾ ਇਲਾਜ ਕਰਨ ਲਈ ਵਰਤੀ ਜਾਂਦੀ ਮੈਥੋਟ੍ਰੈਕਸੇਟ ਦੀ ਘੱਟ ਖੁਰਾਕ ਨਾਲ ਵਾਲਾਂ ਦਾ ਝੜਨਾ ਅਤੇ ਰਕਤ ਪਿੱਤੀਆਂ ਹੋਣਾ ਬਹੁਤ ਦੁਰਲੱਭ ਹੈ। ਮੈਥੋਟ੍ਰੈਕਸੇਟ ਨੂੰ ਲੈਣਾ, ਖੂਨ ਵਿੱਚ ਅਹਿਮ ਕਣਾਂ ਦੀ ਗਿਣਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ (ਪੈਣ ਵਾਲੇ ਅਸਰਾਂ ਵਿੱਚੋਂ ਇੱਕ ਇਹ ਹੈ ਕਿ ਖੂਨ ਦੇ ਮੁਕਾਬਲਤਨ ਘੱਟ ਸੈੱਲ ਬਣਦੇ ਹਨ) ਅਤੇ ਇਸ ਤਰ੍ਹਾਂ ਤੁਹਾਡੇ ਵਿੱਚ ਲਾਗਾਂ ਵਿਕਸਤ ਹੋਣ ਦੀ ਸੰਭਾਵਨਾ ਵਧੇਰੇ ਹੋ ਸਕਦੀ ਹੈ।

ਤੁਹਾਨੂੰ ਆਪਣੇ ਡਾਕਟਰ ਨੂੰ ਮਿਲਣਾ ਚਾਹੀਦਾ ਹੈ ਜੇਕਰ:

- ਤੁਹਾਡਾ ਗਲ਼ਾ ਖਰਾਬ ਹੋ ਜਾਂਦਾ ਹੈ ਜਾਂ ਕੋਈ ਹੋਰ ਲਾਗ ਲੱਗ ਜਾਂਦੀ ਹੈ
- ਤੁਹਾਨੂੰ ਬੁਖਾਰ ਹੋ ਜਾਂਦਾ ਹੈ
- ਤੁਹਾਡੇ ਅਜਿਹੇ ਨੀਲ ਜਾਂ ਖੂਨ ਦਾ ਰਿਸਾਓ ਵਿਕਸਤ ਹੋ ਜਾਂਦਾ ਹੈ ਜਿਸਦਾ ਕੋਈ ਕਾਰਨ ਸਮਝ ਨਹੀਂ ਆਉਂਦਾ
- ਮੈਥੋਟ੍ਰੈਕਸੇਟ ਨੂੰ ਸ਼ੁਰੂ ਕਰਨ ਦੇ ਬਾਅਦ ਤੁਹਾਡੇ ਵਿੱਚ ਕੋਈ ਨਵੇਂ ਲੱਛਣ ਵਿਕਸਤ ਹੋ ਜਾਂਦੇ ਹਨ

ਫੌਲਿਕ ਐਸਿਡ ਦੀ ਅਕਸਰ ਇੱਕ ਵਿਟਾਮਨ ਸੰਪੂਰਕ ਵਜੋਂ ਸਿਫਾਰਸ਼ ਕੀਤੀ ਜਾਂਦੀ ਹੈ ਜੋ ਅਣਚਾਹੇ ਅਸਰਾਂ ਦੇ ਵਰਤਾਰੇ ਨੂੰ ਘੱਟ ਕਰ ਸਕਦਾ ਹੈ। ਪ੍ਰੈਕਟਿਸ ਵਿੱਚ ਭਿੰਨਤਾ ਪਾਈ ਜਾਂਦੀ ਹੈ ਅਤੇ ਤੁਹਾਡੇ ਡਾਕਟਰ ਦੀ ਸਿਫਾਰਸ਼ ਦੀ ਪਾਲਣਾ ਕਰਨਾ ਮਹੱਤਵਪੂਰਨ ਹੈ।

ਜੇ ਤੁਹਾਨੂੰ ਚੇਚਕ ਨਹੀਂ ਹੋਈ ਪਰ ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ ਵਿੱਚ ਆਉਂਦੇ ਹੋ ਜਿਸਨੂੰ ਚੇਚਕ ਜਾਂ ਧੱਦਰ ਹੋਈ ਹੈ, ਜਾਂ ਜੇ ਮੈਥੋਟ੍ਰੈਕਸੇਟ ਲੈਂਦੇ ਸਮੇਂ ਤੁਹਾਡੇ ਵਿੱਚ ਚੇਚਕ ਜਾਂ ਧੱਦਰ ਵਿਕਸਤ ਹੋ ਜਾਂਦੀ ਹੈ ਤਾਂ ਤੁਹਾਨੂੰ ਆਪਣੇ ਡਾਕਟਰ ਨੂੰ <u>ਤੁਰੰਤ</u> ਮਿਲਣਾ ਚਾਹੀਦਾ ਹੈ ਕਿਉਂਕਿ ਤੁਹਾਨੂੰ ਵਿਸ਼ੇਸ਼ ਇਲਾਜ ਦੀ ਲੋੜ ਪੈ ਸਕਦੀ ਹੈ।

**ਜੇ ਮੈਥੋਟ੍ਰੈਕਸੇਟ ਨੂੰ ਲੰਬੇ ਸਮੇਂ ਵਾਸਤੇ ਲਿਆ ਜਾਂਦਾ ਹੈ ਤਾਂ ਕੀ ਕੋਈ ਹੋਰ ਅਣਚਾਹੇ ਅਸਰ ਵੀ ਹਨ?**

ਬਹੁਤ ਦੁਰਲੱਭ ਮੌਕਿਆਂ 'ਤੇ ਮੈਥੋਟ੍ਰੈਕਸੇਟ ਫੇਫੜੇ ਦੀ ਜਲੂਣ ਦਾ ਕਾਰਨ ਬਣਦੀ ਹੈ ਜਿਸ ਨਾਲ ਸਾਹ ਚੜ੍ਹਨ ਲੱਗਦਾ ਹੈ। ਜੇ ਤੁਹਾਡਾ ਸਾਹ ਚੜ੍ਹਨ ਲੱਗਦਾ ਹੈ ਤਾਂ ਤੁਹਾਨੂੰ <u>ਤੁਰੰਤ</u> ਆਪਣੇ ਡਾਕਟਰ ਨੂੰ ਮਿਲਣਾ ਚਾਹੀਦਾ ਹੈ।

ਲੰਬੀ-ਮਿਆਦ ਵਾਸਤੇ ਮੈਥੋਟ੍ਰੈਕਸੇਟ ਜਿਗਰ ਦੀ ਸਿਰੋਸਿਸ (cirrhosis) ਦੇ ਖਤਰੇ ਵਿੱਚ ਵਾਧਾ ਕਰ ਸਕਦੀ ਹੈ, ਖ਼ਾਸ ਕਰਕੇ ਜੇ ਕੋਈ ਹੋਰ ਕਾਰਕ ਹਨ ਜਿਵੇਂ ਕਿ ਸ਼ਰਾਬ ਪੀਣਾ।

**ਮੈਥੋਟ੍ਰੈਕਸੇਟ ਨਾਲ ਇਲਾਜ ਦੇ ਅਣਚਾਹੇ ਅਸਰਾਂ ਵਾਸਤੇ ਮੇਰੀ ਨਿਗਰਾਨੀ ਕਿਸ ਤਰ੍ਹਾਂ ਕੀਤੀ ਜਾਵੇਗੀ?**

ਕਿਉਂਕਿ ਮੈਥੋਟ੍ਰੈਕਸੇਟ ਖ਼ੂਨ ਵਿਚਲੇ ਅਹਿਮ ਤੱਤਾਂ ਦੀ ਗਿਣਤੀ ਨੂੰ ਪ੍ਰਭਾਵਿਤ ਕਰ ਸਕਦੀ ਹੈ, ਅਤੇ ਕਈ ਵਾਰੀ ਜਿਗਰ ਦੀਆਂ ਸਮੱਸਿਆਵਾਂ ਦਾ ਕਾਰਨ ਵੀ ਬਣਦੀ ਹੈ, ਇਸ ਕਰਕੇ ਤੁਹਾਡਾ ਡਾਕਟਰ ਤੁਹਾਡੇ ਦੁਆਰਾ ਬਕਾਇਦਾ ਖ਼ੂਨ ਦੀਆਂ ਜਾਂਚਾਂ ਕਰਵਾਉਣ ਦਾ ਪ੍ਰਬੰਧ ਕਰੇਗਾ ਜਦੋਂ ਤੁਸੀਂ ਇਸਨੂੰ ਲੈ ਰਹੇ ਹੋਵੋਂਗੇ। ਤੁਹਾਨੂੰ ਮੈਥੋਟ੍ਰੈਕਸੇਟ **<u>ਲਾਜ਼ਮੀ ਤੌਰ 'ਤੇ ਨਹੀਂ ਲੈਣੀ ਚਾਹੀਦੀ</u>** ਜਦ ਤੱਕ ਤੁਸੀਂ ਇਹ ਬਕਾਇਦਾ ਖ਼ੂਨ ਦੀਆਂ ਜਾਂਚਾਂ ਨਾ ਕਰਵਾ ਰਹੇ ਹੋਵੋਂ। ਇਹਨਾਂ ਨੂੰ ਹਰ ਹਫਤੇ ਓਦੋਂ ਕੀਤਾ ਜਾਂਦਾ ਹੈ ਜਦੋਂ ਖ਼ੁਰਾਕ ਬਦਲੀ ਜਾ ਰਹੀ ਹੁੰਦੀ ਹੈ ਅਤੇ ਜਦੋਂ ਖ਼ੁਰਾਕ ਸਥਿਰ ਹੋਵੇ ਤਾਂ ਇਹਨਾਂ ਨੂੰ ਹਰ 2 – 3 ਮਹੀਨਿਆਂ ਬਾਅਦ ਤੋਂ ਘੱਟ ਵਾਰ ਨਹੀਂ ਕੀਤਾ ਜਾਂਦਾ।

4 Fitzroy Square, London W1T 5HQ
Tel: 020 7383 0266   Fax: 020 7388 5263   e-mail: admin@bad.org.uk
Registered Charity No. 258474

ਲਾਗ ਲੱਗਣ ਦੇ ਚਿੰਨ੍ਹਾਂ ਜਿਵੇਂ ਕਿ ਗਲ਼ਾ ਖਰਾਬ, ਮੂੰਹ ਵਿੱਚ ਫੋੜੇ, ਦਸਤ ਅਤੇ ਧੁੱਪ ਪ੍ਰਤੀ ਸੰਵੇਦਨਸ਼ੀਲਤਾ ਬਹੁਤ ਜ਼ਿਆਦਾ ਮੈਥੋਟ੍ਰੈਕਸੇਟ ਵੱਲ ਇਸ਼ਾਰਾ ਕਰ ਸਕਦੇ ਹਨ। ਇਹਨਾਂ ਲੱਛਣਾਂ ਦੀ ਰਿਪੋਰਟ ਤੁਰੰਤ ਕੀਤੀ ਜਾਣੀ ਚਾਹੀਦੀ ਹੈ ਅਤੇ ਇਹਨਾਂ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਮੈਥੋਟ੍ਰੈਕਸੇਟ ਦੇ ਜਿਗਰ 'ਤੇ ਪ੍ਰਭਾਵਾਂ ਦੀ ਇਹਨਾਂ ਖ਼ੂਨ ਦੇ ਟੈਸਟਾਂ ਵਿੱਚ ਜਾਂਚ ਕੀਤੀ ਜਾਂਦੀ ਹੈ ਅਤੇ ਕਈ ਵਾਰੀ (ਗੈਰ-ਬਕਾਇਦਾ) ਜਿਗਰ ਵਿੱਚੋਂ ਛੋਟੇ ਛੋਟੇ ਨਮੂਨੇ ਲੈਣ ਦੀ ਲੋੜ ਪੈਂਦੀ ਹੈ ਤਾਂ ਜੋ ਇਹਨਾਂ ਪ੍ਰਭਾਵਾਂ 'ਤੇ ਵੀ ਨਜ਼ਰ ਰੱਖੀ ਜਾ ਸਕੇ।

**ਬੈਡ ਬਾਇਓਲੋਜਿਕ ਇੰਟਰਵੈਨਸ਼ਨਸ਼ ਰਜਿਸਟਰ (BADBIR)**

ਜੇ ਤੁਹਾਡੀ ਚੰਬਲ ਦੇ ਇਲਾਜ ਵਾਸਤੇ ਤੁਹਾਨੂੰ ਮੈਥੋਟ੍ਰੈਕਸੇਟ ਦੀ ਤਜਵੀਜ਼ ਕੀਤੀ ਗਈ ਹੈ ਤਾਂ ਤੁਹਾਨੂੰ ਇੱਕ ਕੌਮੀ ਬਾਇਓਲੋਜਿਕਸ ਰਜਿਸਟਰ ਵਿੱਚ ਭਾਗ ਲੈਣ ਲਈ ਕਿਹਾ ਜਾ ਸਕਦਾ ਹੈ। ਇਹ ਰਜਿਸਟਰ ਚੰਬਲ ਵਾਸਤੇ ਵਿਭਿੰਨ ਇਲਾਜਾਂ ਦੀ ਸੁਰੱਖਿਆ ਦੀ ਤੁਲਨਾ ਕਰਨ ਅਤੇ ਇਹ ਦੇਖਣ ਵਾਸਤੇ ਹੈ ਕਿ ਇਹ ਕਿੰਨ੍ਹੀ ਕੁ ਚੰਗੀ ਤਰ੍ਹਾਂ ਕਾਰਜ ਕਰਦੇ ਹਨ। ਇਸਦੀ ਸਥਾਪਨਾ ਚੰਬਲ ਵਾਸਤੇ ਕੁਝ ਨਵੇਂ ਇਲਾਜਾਂ ਦੀ ਨਿਗਰਾਨੀ ਕਰਨ ਲਈ ਕੀਤੀ ਗਈ ਸੀ ਜਿੰਨ੍ਹਾਂ ਨੂੰ ਜੈਵਿਕ ਇਲਾਜ ਕਹਿੰਦੇ ਹਨ। ਇਹ ਰਜਿਸਟਰ ਡਾਕਟਰਾਂ ਨੂੰ ਇਸ ਬਾਰੇ ਜਾਣਕਾਰੀ ਦੇਵੇਗਾ ਕਿ ਔਸਤ ਤੋਂ ਤੀਬਰ ਦਰਜੇ ਦੀ ਚੰਬਲ ਵਾਸਤੇ ਉਪਲਬਧ ਇਲਾਜਾਂ ਦੀ ਸਭ ਤੋਂ ਵਧੀਆ ਤਰੀਕੇ ਨਾਲ ਵਰਤੋਂ ਕਿਵੇਂ ਕਰਨੀ ਹੈ। ਤੁਹਾਡੀ ਸੂਚਿਤ ਸਹਿਮਤੀ ਤੋਂ ਬਿਨਾਂ ਰਜਿਸਟਰ ਨੂੰ ਕੋਈ ਜਾਣਕਾਰੀ ਨਹੀਂ ਭੇਜੀ ਜਾਵੇਗੀ।

## ਮੈਥੋਟ੍ਰੈਕਸੇਟ ਲੈਂਦੇ ਸਮੇਂ ਕੀ ਮੈਂ ਟੀਕੇ ਲਗਵਾ ਸਕਦਾ/ਦੀ ਹਾਂ?

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਹਾਨੂੰ ਕਿਸੇ ਵੀ 'ਜੀਵੰਤ' ਵੈਕਸੀਨਾਂ ਜਿਵੇਂ ਕਿ ਪੋਲੀਓ, ਰੂਬੈਲਾ (ਜਰਮਨ ਖਸਰਾ) ਅਤੇ ਪੀਲ਼ੇ ਤਾਪ ਦੀ ਵਰਤੋਂ ਕਰਕੇ ਪ੍ਰਤੀਰੋਧੀ ਨਹੀਂ ਬਣਾਇਆ ਜਾਣਾ ਚਾਹੀਦਾ। ਇੱਕ 'ਜੀਵੰਤ' ਪੋਲੀਓ ਵੈਕਸੀਨ ਦੀ ਬਜਾਏ ਇੱਕ 'ਗੈਰ ਸਰਗਰਮ ਕੀਤੀ' ਪੋਲੀਓ ਵੈਕਸੀਨ ਦਿੱਤੀ ਜਾ ਸਕਦੀ ਹੈ ਅਤੇ 'ਗੈਰ ਸਰਗਰਮ ਕੀਤਾ' ਸੰਸਕਰਣ ਉਹਨਾਂ ਲੋਕਾਂ ਨੂੰ ਵੀ ਦੇਣਾ ਚਾਹੀਦਾ ਹੈ ਜਿੰਨ੍ਹਾਂ ਦੇ ਤੁਸੀਂ ਨਜ਼ਦੀਕੀ ਸੰਪਰਕ ਵਿੱਚ ਹੋ, ਜਿਵੇਂ ਕਿ ਤੁਹਾਡੇ ਘਰ ਦੇ ਮੈਂਬਰ।

ਜੇ ਤੁਸੀਂ ਮੈਥੋਟ੍ਰੈਕਸੇਟ ਲੈ ਰਹੇ ਹੋ ਤਾਂ ਤੁਹਾਨੂੰ ਟੀਕਾਕਰਨ ਦੇ 4- 6 ਹਫਤਿਆਂ ਤੱਕ ਉਹਨਾਂ ਬੱਚਿਆਂ ਨਾਲ ਸੰਪਰਕ ਤੋਂ ਬਚਣਾ ਚਾਹੀਦਾ ਹੈ ਜਿੰਨ੍ਹਾਂ ਨੂੰ 'ਜੀਵੰਤ' ਪੋਲੀਓ ਵੈਕਸੀਨ ਦਿੱਤੀ ਗਈ ਹੈ। ਸਾਲਾਨਾ 'ਫਲੂ

ਵੈਕਸੀਨਾਂ ਅਤੇ ਨਿਊਮੋਵੈਕਸ ਸੁਰੱਖਿਅਤ ਹਨ ਅਤੇ ਇਹਨਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ (Immunisations 'ਤੇ PIL ਦੇਖੋ)।

**ਕੀ ਮੈਥੋਟ੍ਰੈਕਸੇਟ ਉਪਜਾਊਪਣ ਜਾਂ ਗਰਭਅਵਸਥਾ ਨੂੰ ਪ੍ਰਭਾਵਿਤ ਕਰਦੀ ਹੈ?**

ਮੈਥੋਟ੍ਰੈਕਸੇਟ ਉਪਜਾਊਪਣ ਨੂੰ ਘੱਟ ਕਰ ਸਕਦੀ ਹੈ ਅਤੇ ਇਸਦੇ ਕਿਸੇ ਅਣਜੰਮੇ ਬੱਚੇ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਹੈ, ਇਸ ਕਰਕੇ ਗਰਭਅਵਸਥਾ ਦੌਰਾਨ ਇਸਨੂੰ **ਲਾਜ਼ਮੀ ਤੌਰ 'ਤੇ ਨਹੀਂ** ਲੈਣਾ ਚਾਹੀਦਾ। ਮੈਥੋਟ੍ਰੈਕਸੇਟ ਲੈਂਦੇ ਸਮੇਂ, ਅਤੇ ਮੈਥੋਟ੍ਰੈਕਸੇਟ ਨੂੰ ਬੰਦ ਕਰਨ ਦੇ ਬਾਅਦ ਘੱਟੋ ਘੱਟ 3 ਮਹੀਨਿਆਂ ਵਾਸਤੇ, ਅਤੇ ਤਰਜੀਹੀ ਤੌਰ 'ਤੇ 6 ਮਹੀਨਿਆਂ ਵਾਸਤੇ, ਔਰਤਾਂ ਅਤੇ ਮਰਦਾਂ ਦੋਨਾਂ ਨੂੰ ਹੀ ਗਰਭਨਿਰੋਧਕ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ।

ਜੇ ਤੁਸੀਂ ਪਰਿਵਾਰ ਦੀ ਯੋਜਨਾਬੰਦੀ ਬਣਾ ਰਹੇ ਹੋ, ਜਾਂ ਜੇ ਮੈਥੋਟ੍ਰੈਕਸੇਟ ਲੈਂਦੇ ਸਮੇਂ ਤੁਸੀਂ ਗਰਭਵਤੀ ਹੋ ਜਾਂਦੇ ਹੋ ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਜਿੰਨੀ ਜਲਦੀ ਸੰਭਵ ਹੋਵੇ, ਇਸ ਬਾਰੇ ਆਪਣੇ ਡਾਕਟਰ ਨਾਲ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ। ਜੇ ਤੁਸੀਂ ਮੈਥੋਟ੍ਰੈਕਸੇਟ ਲੈ ਰਹੇ ਹੋ ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਬੱਚੇ ਨੂੰ ਆਪਣੀਆਂ ਛਾਤੀਆਂ ਦਾ ਦੁੱਧ ਨਹੀਂ ਪਿਲਾਉਣਾ ਚਾਹੀਦਾ।

**ਮੈਥੋਟ੍ਰੈਕਸੇਟ ਲੈਂਦੇ ਸਮੇਂ ਕੀ ਮੈਂ ਸ਼ਰਾਬ ਪੀ ਸਕਦਾ/ਦੀ ਹਾਂ?**

ਸ਼ਰਾਬ ਮੈਥੋਟ੍ਰੈਕਸੇਟ ਨਾਲ ਕਿਰਿਆ ਜਰੂਰ ਕਰਦੀ ਹੈ। ਸ਼ਰਾਬ ਅਤੇ ਮੈਥੋਟ੍ਰੈਕਸੇਟ ਦੋਨੋ ਹੀ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ, ਇਸ ਕਰਕੇ ਸ਼ਰਾਬ ਦੀ ਖਪਤ ਨੂੰ ਪੂਰੀ ਤਰ੍ਹਾਂ ਘੱਟੋ ਘੱਟ ਰੱਖਣਾ ਸਲਾਹ ਦੇਣਯੋਗ ਹੈ।

**ਕੀ ਮੈਥੋਟ੍ਰੈਕਸੇਟ ਲੈਂਦੇ ਸਮੇਂ ਮੈਂ ਹੋਰ ਦਵਾਈਆਂ ਲੈ ਸਕਦਾ/ਦੀ ਹਾਂ?**

ਕੁਝ ਕੁ ਦਵਾਈਆਂ ਮੈਥੋਟ੍ਰੈਕਸੇਟ ਨਾਲ ਕਿਰਿਆ ਕਰਦੀਆਂ ਹਨ, ਇਸ ਕਰਕੇ ਤੁਹਾਡਾ ਇਲਾਜ ਕਰ ਰਹੇ ਕਿਸੇ ਵੀ ਡਾਕਟਰ ਨੂੰ ਤੁਹਾਨੂੰ ਇਹ ਦੱਸਣਾ ਚਾਹੀਦਾ ਹੈ ਕਿ ਤੁਸੀਂ ਮੈਥੋਟ੍ਰੈਕਸੇਟ ਲੈ ਰਹੇ ਹੋ। ਗੈਰ-ਸਟੀਰੋਇਡ ਜਲੂਣ-ਵਿਰੋਧੀ ਦਵਾਈਆਂ ਜਿਵੇਂ ਕਿ ਐਸਪੀਰੀਨ ਅਤੇ ਆਈਬੂਪਰੋਫਿਨ ਨਾਲ ਵਿਸ਼ੇਸ਼ ਸੰਭਾਲ ਦੀ ਲੋੜ ਹੈ। ਤੁਹਾਨੂੰ ਜਲੂਣ-ਵਿਰੋਧੀ ਦਵਾਈਆਂ ਕੇਵਲ ਤਾਂ ਹੀ ਲੈਣੀਆਂ ਚਾਹੀਦੀਆਂ ਹਨ ਜੇਕਰ ਤੁਹਾਡਾ ਡਾਕਟਰ ਤੁਹਾਡੇ ਵਾਸਤੇ ਇਹਨਾਂ ਦੀ ਸਿਫਾਰਸ਼ ਕਰਦਾ ਹੈ। ਆਪਣੇ ਡਾਕਟਰ, ਨਰਸ ਜਾਂ ਫਾਰਮਾਸਿਸਟ

ਨਾਲ ਪਹਿਲਾਂ ਵਿਚਾਰ ਵਟਾਂਦਰਾ ਕਰਨ ਤੋਂ ਬਿਨਾਂ, 'ਸਿੱਧਾ ਕਾਊਂਟਰ ਤੋਂ ਮਿਲ ਜਾਣ ਵਾਲੀਆਂ' ਦਵਾਈਆਂ ਨੂੰ ਨਾ ਲਓ। ਤੁਹਾਨੂੰ ਟਰਾਈਮਥੋਪਰਿਮ ਵਾਲੀਆਂ ਐਂਟੀਬਾਇਓਟਿਕ ਦਵਾਈਆਂ ਲੈਣ ਤੋਂ ਵੀ ਬਚਣਾ ਚਾਹੀਦਾ ਹੈ।

**ਮੈਥੋਟ੍ਰੈਕਸੇਟ ਬਾਰੇ ਵਧੇਰੇ ਜਾਣਕਾਰੀ ਮੈਂ ਕਿੱਥੋਂ ਲੈ ਸਕਦਾ/ਦੀ ਹਾਂ?**

ਜੇ ਤੁਸੀਂ ਮੈਥੋਟ੍ਰੈਕਸੇਟ ਬਾਰੇ ਵਧੇਰੇ ਜਾਣਨਾ ਚਾਹੁੰਦੇ ਹੋ, ਜਾਂ ਜੇ ਤੁਸੀਂ ਆਪਣੇ ਇਲਾਜ ਬਾਰੇ ਚਿੰਤਤ ਹੋ ਤਾਂ ਤੁਹਾਨੂੰ ਆਪਣੇ ਡਾਕਟਰ ਜਾਂ ਦਵਾ ਫਰੋਸ਼ ਨਾਲ ਗੱਲ ਕਰਨੀ ਚਾਹੀਦੀ ਹੈ। ਇਹ ਜਾਣਕਾਰੀ ਸ਼ੀਟ ਮੈਥੋਟ੍ਰੈਕਸੇਟ ਦੇ ਸਾਰੇ ਅਣਚਾਹੇ ਅਸਰਾਂ ਨੂੰ ਸੂਚੀਬੱਧ ਨਹੀਂ ਕਰਦੀ। ਵਧੇਰੇ ਵਿਸਤਾਰਾਂ ਵਾਸਤੇ, ਦਵਾ ਜਾਣਕਾਰੀ ਸ਼ੀਟ 'ਤੇ ਨਜ਼ਰ ਮਾਰੋ ਜੋ ਮੈਥੋਟ੍ਰੈਕਸੇਟ ਵਾਸਤੇ ਤੁਹਾਡੀ ਤਜਵੀਜ਼ ਦੇ ਨਾਲ ਇੱਕ ਇਨਸਰਟ ਵਜੋਂ ਆਉਂਦੀ ਹੈ।

*ਵਿਸਤਰਿਤ ਕਿਤਾਬਚਿਆਂ ਵਾਸਤੇ ਵੈੱਬ-ਲਿੰਕ:*

www.dermnetnz.org/treatments/methotrexate.html

**ਇਸ ਕਿਤਾਬਚੇ ਦਾ ਟੀਚਾ ਵਿਸ਼ੇ ਬਾਰੇ ਸਟੀਕ ਜਾਣਕਾਰੀ ਪ੍ਰਦਾਨ ਕਰਾਉਣਾ ਹੈ ਅਤੇ ਇਹ ਬ੍ਰਿਟਿਸ਼ ਐਸੋਸੀਏਸ਼ਨ ਆੱਫ ਡਰਮਾਟੋਲਜਿਸਟਜ ਦੇ ਪ੍ਰਤੀਨਿਧਾਂ ਦੇ ਵਿਚਾਰਾਂ ਦੀ ਇੱਕਮਤਤਾ ਦਾ ਸਾਰ ਹੈ: ਪਰ ਇਸਦੇ ਅੰਸ਼, ਕਦੇ ਕਦਾਈਂ ਤੁਹਾਡੇ ਡਾਕਟਰ ਵੱਲੋਂ ਦਿੱਤੀ ਸਲਾਹ ਤੋਂ ਭਿੰਨ ਭਿੰਨ ਹੋ ਸਕਦੇ ਹਨ।**

*ਇਸ ਕਿਤਾਬਚੇ ਦਾ (ਅੰਗਰੇਜ਼ੀ ਵਿੱਚ) ਪੜ੍ਹਨਯੋਗਤਾ ਵਾਸਤੇ ਮੁਲਾਂਕਣ, ਬ੍ਰਿਟਿਸ਼ ਐਸੋਸੀਏਸ਼ਨ ਆੱਫ ਡਰਮਾਟੋਲਜਿਸਟਜ ਦੇ ਪੇਸ਼ੈਂਟ ਇਨਫਰਮੇਸ਼ਨ ਲੇ ਰੀਵਿਊ ਪੈਨਲ ਦੁਆਰਾ ਕੀਤਾ ਗਿਆ ਹੈ*

**ਬ੍ਰਿਟਿਸ਼ ਐਸੋਸੀਏਸ਼ਨ ਆੱਫ ਡਰਮਾਟੋਲਜਿਸਟੈਂਜ**

**ਮਰੀਜ਼ ਜਾਣਕਾਰੀ ਕਿਤਾਬਚਾ**

**ਪ੍ਰਕਾਸ਼ਤ ਅਗਸਤ 2004**

**ਨਵੀਨਤਮ ਕੀਤਾ ਅਪਰੈਲ 2010**

4 Fitzroy Square, London W1T 5HQ
Tel: 020 7383 0266   Fax: 020 7388 5263   e-mail: admin@bad.org.uk
Registered Charity No. 258474